ਮਿੱਠੇ ਬੱਚੇ:- "ਮਿੱਠੇ ਬੱਚੇ :- ਯਾਦ ਵਿੱਚ ਰਹਿਣ ਦੀ ਅਜਿਹੀ ਪ੍ਰੈਕਟਿਸ ਕਰੋ ਜੋ ਅੰਤ ਵਿੱਚ ਇੱਕ ਬਾਪ ਦੇ ਸਿਵਾਏ ਦੂਸਰਾ ਕੋਈ ਵੀ ਯਾਦ ਨਾ ਆਏ"

ਪ੍ਰਸ਼ਨ:- ਕਿਸ ਇੱਕ ਸ਼੍ਰੀਮਤ ਦੀ ਪਾਲਣਾ ਕਰਨ ਨਾਲ ਤੁਸੀਂ ਬੱਚੇ ਤਕਦੀਰਵਾਂਨ ਬਣ ਸਕਦੇ ਹੋ?

ਉੱਤਰ:- ਬਾਪ ਦੀ ਸ਼੍ਰੀਮਤ ਹੈ - ਬੱਚੇ, ਨੀਂਦ ਨੂੰ ਜਿੱਤਣ ਵਾਲੇ ਬਣੋ। ਸਵੇਰੇ ਦਾ ਸਮਾਂ ਬਹੁਤ ਵਧੀਆ ਹੁੰਦਾ ਹੈ। ਉਸ ਸਮੇਂ ਉੱਠਕੇ ਬਾਪ ਨੂੰ ਯਾਦ ਕਰੋ ਤਾਂ ਤੁਸੀਂ ਬਖਤਾਵਰ ਬਣ ਜਾਓਗੇ। ਜੇਕਰ ਸਵੇਰੇ - ਸਵੇਰੇ ਉਠਦੇ ਨਹੀਂ ਹਨ ਤਾਂ ਜਿੰਨ ਸੋਇਆ ਤਿਨ ਖੋਇਆ। ਸਿਰਫ਼ ਸੋਨਾ ਅਤੇ ਖਾਣਾ - ਇਹ ਤਾਂ ਗਵਾਉਣਾ ਹੈ ਇਸਲਈ ਸਵੇਰੇ ਉੱਠਣ ਦੀ ਆਦਤ ਪਾਓ।

ਗੀਤ:- ਤੂਨੇ ਰਾਤ ਗਵਾਈ ਸੋਏ ਕੇ...

ਓਮ ਸ਼ਾਂਤੀ। ਇਹ ਕਹਾਣੀ ਬੱਚਿਆਂ ਪ੍ਰਤੀ ਹੈ। ਬਾਪ ਕਹਿੰਦੇ ਹਨ ਬੱਚੇ ਖਾਣਾ ਅਤੇ ਸੋਨਾ, ਇਹ ਕੋਈ ਲਾਇਫ ਨਹੀਂ। ਜਦੋਂਕਿ ਤੁਸੀਂ ਬੱਚਿਆਂ ਨੂੰ ਇਹ ਅਵਿਨਾਸ਼ੀ ਗਿਆਨ ਰਤਨਾਂ ਦਾ ਦਾਨ ਮਿਲ ਰਿਹਾ ਹੈ, ਝੋਲੀ ਭਰ ਰਹੀ ਹੈ। ਫਿਰ ਸੋਨਾ ਅਤੇ ਖਾਣਾ ਇਹ ਤੇ ਗਵਾਉਣਾ ਹੈ। ਸਵੇਰੇ ਉੱਠਣ ਦੀ ਬੜੀ ਮਹਿਮਾ ਹੈ। ਭਗਤੀ ਮਾਰਗ ਵਿੱਚ ਵੀ, ਗਿਆਨ ਮਾਰਗ ਵਿੱਚ ਵੀ, ਕਿਉਂਕਿ ਸਵੇਰੇ ਦੇ ਸਮੇਂ ਬਹੁਤ ਸ਼ਾਂਤੀ ਰਹਿੰਦੀ ਹੈ। ਆਤਮਾਵਾਂ ਸਭ ਆਪਣੇ ਸਵਧਰਮ ਵਿੱਚ ਰਹਿੰਦੀਆਂ ਹਨ। ਅਸ਼ਰੀਰੀ ਹੋਕੇ ਵਿਸ਼ਰਾਮ ਪਾਉਂਦੀ ਹੈ। ਉਸ ਸਮੇਂ ਯਾਦ ਬਹੁਤ ਰਹਿੰਦੀ ਹੈ। ਦਿਨ ਵਿੱਚ ਤਾਂ ਮਾਇਆ ਦਾ ਧਮਚਕ੍ਰ ਰਹਿੰਦਾ ਹੈ, ਇਹ ਇੱਕ ਹੀ ਟਾਇਮ ਚੰਗਾ ਹੈ। ਹੁਣ ਅਸੀਂ ਕੌਡੀ ਤੋਂ ਹੀਰੇ ਵਰਗਾ ਬਣ ਰਹੇ ਹਾਂ। ਬੱਚਿਆਂ ਨੂੰ ਬਾਪ ਕਹਿੰਦੇ ਹਨ ਤੁਸੀਂ ਸਾਡੇ ਬੱਚੇ ਹੋ, ਅਸੀਂ ਤੁਹਾਡੇ ਬੱਚੇ ਹਾਂ। ਬਾਪ ਬੱਚਾ ਬਣਦਾ ਹੈ, ਇਹ ਵੀ ਸਮਝਣ ਦੀ ਗੱਲ ਹੈ। ਬਾਪ ਆਪਣੇ ਬੱਚਿਆਂ ਨੂੰ ਵਰਸਾ ਦਿੰਦੇ ਹਨ। ਉਵੇਂ ਮੈਂ ਸੌਦਾਗਰ ਤਾਂ ਹਾਂ ਹੀ। ਤੁਹਾਡਾ ਕੌਡੀ ਵਰਗਾ ਤਨ -ਮਨ ਇਹ ਸਭ ਵਰਥ ਨੋਟ ਏ ਪੈਣੀ ਹੈ। ਉਹ ਪੁਰਾਣਾ ਤੁਹਾਡਾ ਸਭ ਕੁਝ ਲੈਕੇ ਫਿਰ ਤੁਹਾਨੂੰ ਦੇ ਦਿੰਦਾ ਹਾਂ ਕਿ ਟ੍ਰਸਟੀ ਹੋਕਰ ਸੰਭਾਲੋ। ਤੁਸੀਂ ਜਨਮ ਬਾਈ ਜਨਮ ਗਾਉਂਦੇ ਆਏ ਹੋ - ਕੁਰਬਾਨ ਜਾਵਾਂਗੀ, ਬਲਿਹਾਰ ਜਾਵਾਂਗੀ। ਸਾਡਾ ਤੇ ਇੱਕ ਦੂਸਰਾ ਨਾ ਕੋਈ ਕਿਉਂਕਿ ਸਜਨੀਆਂ ਤੇ ਸਭ ਹਨ। ਤਾਂ ਇੱਕ ਹੀ ਸਾਜਨ ਨੂੰ ਯਾਦ ਕਰਨਗੀਆਂ। ਦੇਹ ਸਹਿਤ ਸਭ ਸੰਬੰਧਾਂ ਨੂੰ ਭੁੱਲਦੇ -ਭੁਲਦੇ ਇੱਕ ਦੀ ਹੀ ਇੰਨੀ ਯਾਦ ਰਹੇ ਜੋ ਅੰਤ ਵਿੱਚ ਨਾ ਇਹ ਸ਼ਰੀਰ, ਨਾ ਹੀ ਹੋਰ ਕੋਈ ਯਾਦ ਆਏ। ਇੰਨੀ ਪ੍ਰੈਕਟਿਸ ਕਰਨੀ ਹੈ। ਸਵੇਰ ਦਾ ਸਮਾਂ ਬੜਾ ਵਧੀਆ ਹੈ। ਤੁਹਾਡੀ ਇਹ ਸੱਚੀ - ਸੱਚੀ ਯਾਤਰਾ ਹੈ। ਉਹ ਤਾਂ ਜਨਮ ਬਾਈ ਜਨਮ ਯਾਤਰਾਵਾਂ ਕਰਦੇ ਆਏ ਪਰ ਮੁਕਤੀ ਨੂੰ ਤੇ ਪਾਇਆ ਨਹੀਂ, ਤਾਂ ਝੂਠੀ ਯਾਤਰਾ ਹੋਈ ਨਾ। ਇਹ ਹੈ ਰੂਹਾਨੀ ਅਤੇ ਸੱਚੀ ਮੁਕਤੀ ਅਤੇ ਜੀਵਨਮੁਕਤੀ ਦੀ ਯਾਤਰਾ। ਮਨੁੱਖ ਤੀਰਥਾਂ ਤੇ ਜਾਂਦੇ ਹਨ ਤਾਂ ਅਮਰਨਾਥ, ਬਦ੍ਰੀਨਾਥ ਯਾਦ ਰਹਿੰਦੇ ਹਨ ਨਾ। ਖ਼ਾਸ 4 ਧਾਮ ਕਹਿੰਦੇ ਹਨ। ਤੁਸੀਂ ਕਿੰਨੇ ਧਾਮ ਕੀਤੇ ਹੋਣਗੇ! ਕਿੰਨੀ ਭਗਤੀ ਕੀਤੀ ਹੋਵੇਗੀ! ਅੱਧਾਕਲਪ ਕਰਦੇ ਆਏ ਹੋ। ਹੁਣ ਇਹਨਾਂ ਗੱਲਾਂ ਨੂੰ ਕੋਈ ਵੀ ਜਾਣਦੇ ਹੀ ਨਹੀਂ। ਬਾਪ ਹੀ ਆਕੇ ਲਿਬ੍ਰੇਟ ਕਰਕੇ ਫਿਰ ਗਾਈਡ ਬਣ ਨਾਲ ਲੈ ਜਾਂਦੇ ਹਨ। ਕਿੰਨਾ ਵੰਡਰਫੁੱਲ ਗਾਈਡ ਹੈ। ਬੱਚਿਆਂ ਨੂੰ ਲੈ ਜਾਂਦੇ ਹਨ - ਮੁਕਤੀ ਜੀਵਨਮੁਕਤੀਧਾਮ। ਇਵੇਂ ਦਾ ਗਾਈਡ ਕੋਈ ਹੁੰਦਾ ਨਹੀਂ। ਸੰਨਿਆਸੀ ਲੋਕ ਸਿਰਫ਼ ਮੁਕਤੀਧਾਮ ਕਹਿਣਗੇ, ਜੀਵਨਮੁਕਤੀ ਅੱਖਰ ਉਹਨਾਂ ਦੇ ਮੁਖ ਤੋਂ ਨਿਕਲੇਗਾ ਨਹੀਂ। ਉਸਨੂੰ ਤਾਂ ਉਹ ਕਾਗ ਵਿਸ਼ਟਾ ਸਮਾਨ ਅਲਪਕਾਲ ਦਾ ਸੁਖ ਸਮਝਦੇ ਹਨ। ਤੁਸੀਂ ਬੱਚੇ ਜਾਣਦੇ ਹੋ ਬਾਪ ਹੈ ਦੁੱਖ ਹਰਤਾ, ਸੁਖ ਕਰਤਾ। ਹੇ ਮਾਤ - ਪਿਤਾ, ਤੁਹਾਡੇ ਜਦੋਂ ਅਸੀਂ ਬਾਲਕ ਬਣਦੇ ਹਾਂ ਤਾਂ ਸਾਡੇ ਸਭ ਦੁੱਖ ਦੂਰ ਹੋ ਜਾਂਦੇ ਹਨ। ਅੱਧਾਕਲਪ ਅਸੀਂ ਸੁਖੀ ਬਣ ਜਾਂਦੇ ਹਾਂ। ਇਹ ਤਾਂ ਬੁੱਧੀ ਵਿੱਚ ਰਹਿੰਦਾ ਹੈ ਨਾ। ਪਰ ਧੰਧੇ ਆਦਿ ਵਿੱਚ ਜਾਣ ਨਾਲ ਭੁੱਲ ਜਾਂਦੇ ਹਨ। ਸਵੇਰੇ ਉਠਦੇ ਨਹੀਂ ਹਨ। ਜਿੰਨ ਸੋਇਆ ਤਿਨ ਖੋਇਆ।

ਤੁਸੀਂ ਜਾਣਦੇ ਹੋ - ਬਰੋਬਰ ਸਾਨੂੰ ਹੀਰੇ ਵਰਗਾ ਜਨਮ ਮਿਲਿਆ ਹੈ। ਹੁਣ ਵੀ ਜੇਕਰ ਨੀਂਦ ਤੋਂ ਸਵੇਰੇ ਨਹੀਂ ਉੱਠਣਗੇ ਤਾਂ ਸਮਝਣਗੇ ਇਹ ਬਖ਼ਤਾਵਰ ਨਹੀਂ ਹਨ। ਸਵੇਰ ਨੂੰ ਉੱਠਕੇ ਮੋਸ੍ਟ ਬਿਲਵਰਡ ਬਾਪ ਨੂੰ, ਸਾਜਨ ਨੂੰ ਯਾਦ ਨਹੀਂ ਕਰਦੇ ਹਨ। ਅਧਾਕਲਪ ਤੋਂ ਸਾਜਨ ਵਿਛੜਿਆ ਹੋਇਆ ਹੈ ਅਤੇ ਬਾਪ ਨੂੰ ਤੁਸੀਂ ਸਾਰਾ ਕਲਪ ਭੁੱਲ ਜਾਂਦੇ ਹੋ ਫਿਰ ਭਗਤੀ ਮਾਰਗ ਵਿੱਚ ਤੁਸੀਂ ਸਾਜਨ ਦੇ ਰੂਪ ਵਿੱਚ ਜਾਂ ਬਾਪ ਦੇ ਰੂਪ ਵਿਚ ਯਾਦ ਕਰਦੇ ਹੋ। ਸਜਨੀ ਸਾਜਨ ਨੂੰ ਵੀ ਯਾਦ ਕਰਦੀ ਹੈ। ਉਨ੍ਹਾਂਨੂੰ ਫਿਰ ਬਾਪ ਵੀ ਕਿਹਾ ਜਾਂਦਾ ਹੈ। ਹੁਣ ਬਾਪ ਸਮੁੱਖ ਹਨ ਤਾਂ ਉਹਨਾਂ ਦੀ ਸ਼੍ਰੀਮਤ ਤੇ ਚੱਲਣਾ ਪਵੇ। ਸ਼੍ਰੀਮਤ ਤੇ ਜੇਕਰ ਨਹੀਂ ਚਲਦੇ ਤਾਂ ਇਹ ਡਿੱਗੇ। ਸ਼੍ਰੀਮਤ ਮਤਲਬ ਸ਼ਿਵਬਾਬਾ ਦੀ ਮਤ। ਇਵੇਂ ਨਹੀਂ, ਸਾਨੂੰ ਕੀ ਪਤਾ, ਕਿਸਦੀ ਮਤ ਮਿਲਦੀ ਹੈ। ਸਮਝਣਾ ਚਾਹੀਦਾ ਇਹਨਾਂ ਦੀ ਮਤ ਦਾ ਵੀ ਉਹ ਰਿਸਪੰਸੀਬਲ ਹੈ। ਜਿਵੇਂ ਲੌਕਿਕ ਤਰ੍ਹਾਂ ਬੱਚਿਆਂ ਦਾ ਬਾਪ ਰਿਸਪੰਸੀਬਲ ਹੈ, ਸਨ ਸੋਜ਼ ਫ਼ਾਦਰ। ਇਹ ਬ੍ਰਹਮਾ ਤਨ ਵੀ ਫ਼ਾਦਰ ਦਾ ਸ਼ੋ ਕਰਦਾ ਹੈ। ਮੁਰੱਬੀ ਬੱਚਾ ਹੈ। ਬਹੁਤ ਚੰਗੇ - ਚੰਗੇ ਬੱਚੇ ਹਨ ਜੋ ਇਹ ਨਹੀਂ ਜਾਣਦੇ ਕਿ ਅਸੀਂ ਕਿਸਦੀ ਮਤਤੇ ਚੱਲਦੇ ਹਾਂ, ਕੌਣ ਡਾਇਰੈਕਸ਼ਨ ਦਿੰਦੇ ਹਨ? ਬਾਬਾ ਨੂੰ ਤਾਂ ਯਾਦ ਨਹੀਂ ਕਰਦੇ। ਸਵੇਰੇ ਉੱਠਦੇ ਨਹੀਂ, ਯਾਦ ਨਹੀਂ ਕਰਦੇ ਤਾਂ ਵਿਕਰਮ ਵੀ ਵਿਨਾਸ਼ ਨਹੀਂ ਹੁੰਦੇ। ਬਾਬਾ ਦੱਸਦੇ ਹਨ ਇੰਨੀ ਮਿਹਨਤ ਕਰਦਾ ਹਾਂ ਤਾਂ ਵੀ ਕਰਮਭੋਗ ਚਲਦਾ ਰਹਿੰਦਾ ਹੈ ਕਿਉਂਕਿ ਇੱਕ ਜਨਮ ਦੀ ਗੱਲ ਤੇ ਨਹੀਂ ਹੈ ਨਾ। ਅਨੇਕ ਜਨਮਾਂ ਦਾ ਹਿਸਾਬ - ਕਿਤਾਬ ਹੈ। ਡਾਇਰੈਕਸ਼ਨ ਮਿਲਿਆ ਹੋਇਆ ਹੈ, ਇਸ ਜਨਮ ਦੇ ਵੀ ਪਾਪ ਦੱਸਣ ਨਾਲ ਅੱਧਾ ਕਟ ਸਕਦਾ ਹੈ। ਇਹ ਤਾਂ

ਬਾਪ ਕਹਿੰਦੇ ਹਨ - ਮੈਂ ਜਾਣਦਾ ਹਾਂ ਅਤੇ ਧਰਮਰਾਜ ਜਾਣਦਾ ਹੈ। ਪਾਪ ਬਹੁਤ ਕੀਤੇ ਹੋਏ ਹਨ। ਧਰਮਰਾਜ ਗਰਭਜੇਲ੍ਹ ਵਿੱਚ ਸਜ਼ਾ ਦਿੰਦੇ ਆਏ ਹਨ। ਹੁਣ ਤਾਂ ਤੁਸੀਂ ਪੁਰਸ਼ਾਰਥ ਕਰ, ਵਿਕਰਮ ਵਿਨਾਸ਼ ਕਰਦੇ ਹੋ ਤਾਂ ਫਿਰ ਗਰਭ ਮਹਿਲ ਮਿਲਦਾ ਹੈ। ਉੱਥੇ ਤਾਂ ਮਾਇਆ ਹੁੰਦੀ ਨਹੀਂ ਜੋ ਮਨੁੱਖ ਨੂੰ ਪਾਪ ਕਰਾਏ ਅਤੇ ਸਜਾ ਖਾਣੀ ਪਵੇ। ਅੱਧਾਕਲਪ ਹੈ ਈਸ਼ਵਰੀ ਰਾਜ, ਅੱਧਾਕਲਪ ਹੈ ਰਾਵਣ ਰਾਜ। ਸੱਪ ਦਾ ਮਿਸਾਲ ਵੀ ਇੱਥੇ ਦਾ ਹੈ। ਸੰਨਿਆਸੀਆਂ ਨੇ ਕਾਪੀ ਕੀਤੀ ਹੈ। ਜਿਵੇਂ ਭ੍ਰਮਰੀ ਦਾ ਮਿਸਾਲ ਬਾਬਾ ਦਿੰਦੇ ਹਨ। ਭ੍ਰਮਰੀ ਕੀੜੇ ਨੂੰ ਆਪਣੇ ਘਰ ਵਿੱਚ ਲੈ ਆਉਦੀ ਹੈ। ਤੁਸੀਂ ਵੀ ਪਤਿਤਾਂ ਨੂੰ ਲੈ ਆਉਂਦੇ ਹੋ। ਫਿਰ ਉਹਨਾਂ ਨੂੰ ਬੈਠ ਸ਼ੂਦ੍ਰ ਤੋਂ ਬ੍ਰਾਹਮਣ ਬਣਾਉਂਦੇ ਹੋ। ਤੁਹਾਡਾ ਨਾਮ ਬ੍ਰਾਹਮਣੀ ਹੈ। ਇਹ ਭ੍ਰਮਰੀ ਦਾ ਦ੍ਰਿਸ਼ਟਾਂਤ ਬਹੁਤ ਵਧੀਆ ਹੈ। ਪ੍ਰੈਕਟੀਕਲ ਵਿੱਚ ਆਉਂਦੇ ਤਾਂ ਬਹੁਤ ਹਨ ਫਿਰ ਕਈ ਕੱਚੇ ਰਹਿ ਜਾਂਦੇ, ਕਈ ਸੜ ਜਾਂਦੇ, ਕਈ ਖ਼ਤਮ ਹੋ ਜਾਂਦੇ ਹਨ। ਮਾਇਆ ਬੜੇ ਤੂਫ਼ਾਨ ਵਿਚ ਲਿਆਉਂਦੀ ਹੈ। ਤੁਸੀਂ ਹਰ ਇੱਕ ਅਸਲ ਵਿੱਚ ਹਨੂਮਾਨ ਹੋ। ਮਾਇਆ ਕਿੰਨੇ ਵੀ ਤੂਫ਼ਾਨ ਲਿਆਵੇ ਅਸੀਂ ਬਾਬਾ ਨੂੰ ਅਤੇ ਸਵਰਗ ਨੂੰ ਕਦੀ ਨਹੀਂ ਭੁੱਲਾਂਗੇ। ਘੜੀ - ਘੜੀ ਬਾਬਾ ਕਹਿੰਦੇ ਹਨ - ਸਾਵਧਾਨ। ਮਨੁੱਖ ਤਾਂ ਤੀਰਥਾਂ ਤੇ ਧੱਕੇ ਖਾਣ ਲਈ ਜਾਂਦੇ ਹਨ। ਇੱਥੇ ਹੋਰ ਤਾਂ ਕਿੱਥੇ ਨਹੀਂ ਜਾਂਦੇ। ਇੱਕ ਹੀ ਬਾਪ ਅਤੇ ਸੁਖਧਾਮ ਨੂੰ ਯਾਦ ਕਰਦੇ ਰਹਿਣਾ ਹੈ। ਤੁਸੀਂ ਤਾਂ ਬਰੋਬਰ ਵਿਜੇ ਪਹਿਨਾਉਣ ਵਾਲੇ ਹੀ ਹੋ। ਇਹਨਾਂ ਦਾ ਬੁੱਧੀਯੋਗ ਬਲ, ਗਿਆਨ ਬਲ ਕਿਹਾ ਜਾਂਦਾ ਹੈ। ਯਾਦ ਕਰਨ ਨਾਲ ਬਲ ਮਿਲਦਾ ਹੈ, ਬੁੱਧੀ ਦਾ ਤਾਲਾ ਖੁਲ੍ਹਦਾ ਹੈ। ਜੇਕਰ ਕੋਈ ਵੀ ਬੇਕਾਇਦੇ ਚਲਣ - ਚੱਲਦੇ ਹਨ ਤਾਂ ਉਹਨਾਂ ਦੀ ਬੁੱਧੀ ਦਾ ਤਾਲਾ ਬੰਦ ਹੋ ਜਾਂਦਾ ਹੈ। ਬਾਪ ਸਮਝਾਉਂਦੇ ਵੀ ਹਨ ਜੇਕਰ ਤੁਸੀਂ ਇਵੇਂ ਕਰੋਂਗੇ ਤਾਂ ਡਰਾਮੇ ਅਨੁਸਾਰ ਬੁੱਧੀ ਦਾ ਤਾਲਾ ਬੰਦ ਹੋ ਜਾਏਗਾ। ਕਿਸੇਨੂੰ ਕਹਿ ਨਹੀਂ ਸਕੋਂਗੇ ਕਿ ਵਿਕਾਰ ਵਿੱਚ ਨਾ ਜਾਓ। ਅੰਦਰ ਖਾਂਦਾ ਰਹੇਗਾ - ਅਸੀਂ ਇੰਨੇ ਪਾਪ ਕੀਤੇ ਹਨ। ਅਗਿਆਨਕਾਲ ਵਿੱਚ ਵੀ ਖਾਤਾ ਹੈ। ਮਰਦੇ ਹਨ ਫਿਰ ਤੋਬਾ - ਤੋਬਾ ਕਰਦੇ ਹਨ। ਫਿਰ ਪਿਛਾੜੀ ਵਿੱਚ ਸਭ ਪਾਪ ਸਾਹਮਣੇ ਆ ਜਾਂਦੇ ਹਨ। ਗਰਭ ਜੇਲ੍ਹ ਵਿੱਚ ਗਿਆ ਫਟ ਤੋਂ ਸਜਾਵਾਂ ਸ਼ੁਰੂ ਹੋ ਜਾਂਦੀਆਂ ਹਨ। ਪਿਛਾੜੀ ਵਿੱਚ ਯਾਦ ਜਰੂਰ ਆਉਂਦਾ ਹੈ। ਤਾਂ ਹੁਣ ਬਾਪ ਕਹਿੰਦੇ ਹਨ ਤੁਹਾਨੂੰ ਤਾਂ ਤੋਬਾ - ਤੋਬਾ ਨਹੀਂ ਕਰਨੀ ਹੈ, ਤੁਸੀਂ ਪਾਪ ਨਾ ਕਰੋ। ਜੇਲ੍ਹ ਬਰਡ ਹੁੰਦੇ ਹਨ ਨਾ। ਤੁਸੀਂ ਵੀ ਜੇਲ੍ਹ ਬਰਡ ਸੀ। ਹੁਣ ਬਾਬਾ ਗਰਭ ਜੇਲ੍ਹ ਦੀਆਂ ਸਜਾਵਾਂ ਤੋਂ ਛੁਡਾਉਂਦੇ ਹਨ। ਕਹਿੰਦੇ ਹਨ ਮੈਨੂੰ ਬਾਪ ਨੂੰ ਯਾਦ ਕਰੋ ਤਾਂ ਪਾਪਾਂ ਦੀਆਂ ਸਜਾਵਾਂ ਤੋਂ ਛੁੱਟ ਜਾਓਗੇ, ਤੁਸੀਂ ਪਾਵਨ ਬਣ ਜਾਓਗੇ। ਜੇਕਰ ਫਿਰ ਡਿੱਗੇ ਤਾਂ ਬਹੁਤ ਚੋਟ ਲਗ ਜਾਏਗੀ। ਅਸ਼ੁੱਧ ਹੰਕਾਰ ਹੈ ਪਹਿਲੇ। ਫਿਰ ਹੈ ਕਾਮ ਕ੍ਰੋਧ। ਕਾਮ ਮਹਾਸ਼ਤਰੂ ਹੈ। ਇਹ ਤੁਹਾਨੂੰ ਆਦਿ - ਮੱਧ - ਅੰਤ ਦੁੱਖ ਦਿੰਦੇ ਆਏ ਹਨ। ਤੁਸੀਂ ਆਦਿ -ਮੱਧ - ਅੰਤ ਸੁਖ ਦੇ ਲਈ ਪੁਰਸ਼ਾਰਥ ਕਰਦੇ ਹੋ। ਤਾਂ ਪੂਰਾ ਪੁਰਸ਼ਾਰਥ ਕਰਨਾ ਚਾਹੀਦਾ ਹੈ। ਬੋਲਦੇ ਹਨ ਸਵੇਰੇ ਜਾਗ ਨਹੀਂ ਸਕਦੇ ਹਾਂ ਤਾਂ ਫਿਰ ਪਦਵੀ ਵੀ ਉੱਚ ਪਾ ਨਹੀਂ ਸਕੋਗੇ। ਦਾਸ - ਦਸੀ ਬਣਨਾ ਪਵੇਗਾ। ਉੱਥੇ ਕੋਈ ਗੋਬਰ ਆਦਿ ਨਹੀਂ ਉਠਾਉਣਾ ਪਵੇਗਾ, ਮੇਹਤਰ ਨਹੀਂ ਹੁੰਦੇ। ਹੁਣ ਵੀ ਵਿਲਾਇਤ ਵਿੱਚ ਨੌਕਰ ਆਦਿ ਨਹੀਂ ਰੱਖਦੇ ਹਨ। ਆਪੇਹੀ ਸਫ਼ਾਈ ਹੋ ਜਾਂਦੀ ਹੈ। ਉੱਥੇ ਤੇ ਗੰਦਗੀ ਹੁੰਦੀ ਨਹੀਂ। ਬਾਕੀ ਚੰਡਾਲ, ਦਾਸ ਦੱਸੀਆਂ ਆਦਿ ਹੁੰਦੇ ਹਨ।

ਬਾਪ ਤੁਹਾਨੂੰ ਬੱਚਿਆਂ ਨੂੰ ਸਭ ਰਾਜ਼ ਸਮਝਾਉਂਦੇ ਹਨ। ਤੁਹਾਡੀ ਬੁੱਧੀ ਵਿੱਚ ਸਾਰੀ ਰਾਜਧਾਨੀ ਹੈ। ਤੁਸੀਂ ਡਰਾਮੇ ਨੂੰ ਸਮਝ ਗਏ ਹੋ। ਪਹਿਲੇ - ਪਹਿਲੇ ਮੁਖ ਇਸ ਚੱਕਰ ਨੂੰ ਸਮਝਣਾ ਹੈ। ਹੁਣ ਓਪਨਿੰਗ ਦੇ ਲਈ ਗਵਰਨਰ ਆਦਿ ਨੂੰ ਬੁਲਾਉਂਦੇ ਹਨ। ਤਾਂ ਬੱਚਿਆਂ ਨੂੰ ਡਾਇਰੈਕਸ਼ਨ ਮਿਲਦੇ ਹਨ ਓਪਨਿੰਗ ਕਰਾਉਣ ਦੇ ਪਹਿਲੇ ਉਹਨਾਂ ਨੂੰ ਕੁਝ ਸਮਝਾਓ ਕਿ ਭਾਰਤ ਸ਼੍ਰੇਸ਼ਠਾਚਾਰੀ ਸੀ, ਹੁਣ ਫਿਰ ਭਾਰਤ ਭ੍ਰਿਸ਼ਟਾਚਾਰੀ ਬਣਿਆ ਹੈ। ਭਾਰਤ ਦੇ ਪੂਜਯ ਦੇਵੀ - ਦੇਵਤੇ ਹੀ ਫਿਰ ਪੁਜਾਰੀ ਮਨੁੱਖ ਬਣੇ ਹਨ। ਇਹ ਜਰੂਰ ਸਮਝਾਉਣਾ ਹੈ। ਜੋ ਉਹ ਖ਼ੁਦ ਵੀ ਕਹਿਣ ਕਿ ਸ੍ਰਿਸ਼ਟੀ ਚੱਕਰ ਦਾ ਰਾਜ਼ ਇਹ ਸਮਝਾਉਂਦੇ ਹਨ। ਜੋ ਇਹ ਜਾਣਦੇ ਹਨ ਉਹਨਾਂ ਨੂੰ ਤ੍ਰਿਕਾਲਦਰਸ਼ੀ ਕਿਹਾ ਜਾਂਦਾ ਹੈ। ਮਨੁੱਖ ਹੋਕੇ ਜੇਕਰ ਡਰਾਮੇ ਨੂੰ ਨਾ ਜਾਣਿਆ ਤਾਂ ਬਾਕੀ ਕੀ ਕੰਮ ਦਾ। ਇਵੇਂ ਤਾਂ ਬਹੁਤ ਕਹਿੰਦੇ ਹਨ ਬੀ. ਕੇ. ਦੀ ਪਵਿੱਤਰਤਾ ਬਹੁਤ ਵਧੀਆ ਹੈ। ਪਵਿੱਤਰਤਾ ਤਾਂ ਸਭਨੂੰ ਚੰਗੀ ਲੱਗਦੀ ਹੈ। ਸੰਨਿਆਸੀ ਪਵਿੱਤਰ ਹਨ, ਦੇਵਤੇ ਵੀ ਪਵਿੱਤਰ ਹਨ ਤਾਂ ਹੀ ਉਹਨਾਂ ਦੇ ਅੱਗੇ ਮੱਥਾ ਝੁਕਾਉਂਦੇ ਹਨ ਨਾ। ਪਰ ਇਹ ਹੋਰ ਗੱਲ ਹੈ। ਪਤਿਤ - ਪਾਵਨ ਇੱਕ ਪਰਮਾਤਮਾ ਹੀ ਹੋ ਸਕਦਾ ਹੈ। ਪਤਿਤ ਤੋਂ ਪਾਵਨ ਬਣਾਉਣ ਵਾਲਾ ਮਨੁੱਖ ਗੁਰੂ ਹੋ ਨਾ ਸਕੇ। ਇਹ ਸਮਝਾਉਣਾ ਚਾਹੀਦਾ ਹੈ। ਕ੍ਰਿਪਾ ਕਰਕੇ ਇਸ ਗੱਲ ਨੂੰ ਤੁਸੀਂ ਸਮਝੋ, ਤਾਂ ਤੁਹਾਡੀ ਪਦਵੀ ਉੱਚ ਹੋ ਜਾਏਗੀ। ਭਾਰਤ ਪੂਜਯ ਤੋਂ ਪੁਜਾਰੀ ਕਿਵੇ ਬਣਿਆ ਹੈ, ਭਾਰਤਵਾਸੀ ਦੇਵੀ - ਦੇਵਤਾ 84 ਜਨਮ ਕਿਵੇਂ ਲੈਂਦੇ ਹਨ - ਇਹ ਸਮਝਾਓ। ਇਹ ਗੱਲਾਂ ਜਰੂਰ ਸਮਝਾਉਣੀਆਂ ਹਨ। ਕ੍ਰਾਇਸਟ ਤੋਂ 3 ਹਜ਼ਾਰ ਵਰ੍ਹੇ ਪਹਿਲੇ ਭਾਰਤਵਾਸੀ ਦੇਵੀ - ਦੇਵਤੇ ਸੀ। ਉਸਨੂੰ ਸੁਖਧਾਮ ਹੈਵਿਨ ਕਿਹਾ ਜਾਂਦਾ ਹੈ। ਸਵਰਗ ਸੋ ਹੁਣ ਫਿਰ ਨਰਕ ਬਣਿਆ ਹੈ। ਇਹ ਫਿਰ ਤੁਸੀਂ ਬੈਠ ਸਮਝਾਓਗੇ ਤਾਂ ਬਹੁਤ ਭਾਰੀ ਤੁਹਾਡੀ ਮਹਿਮਾ ਹੋਵੇਗੀ। ਅਖ਼ਬਾਰ ਵਾਲਿਆਂ ਨੂੰ ਵੀ ਪਾਰਟੀ ਦੇਣੀ ਹੈ। ਫਿਰ ਉਹ ਅੱਗ ਲਗਾਉਣ ਜਾਂ ਪਾਣੀ ਪਾਉਣ, ਉਹਨਾਂ ਤੇ ਸਾਰਾ ਮਦਾਰ ਹੈ। ਉਹ ਤਾਂ ਤੁਸੀਂ ਬੱਚੇ ਜਾਣਦੇ ਹੋ ਲੜਾਈ ਲੱਗਣੀ ਹੈ ਹੈ। ਖ਼ੂਨ ਦੀ ਨਦੀ ਵਗੇਗੀ ਭਾਰਤ ਵਿੱਚ। ਹਮੇਸ਼ਾ ਇਥੋਂ ਤੋਂ ਹੀ ਖ਼ੂਨ ਦੀਆਂ ਨਦੀਆਂ ਵਗਦੀਆਂ ਆਈਆਂ ਹਨ। ਹੁਣ ਪਾਰਟੀਸ਼ਨ ਹੋਇਆ ਤਾਂ ਕਿੰਨੇ ਮਨੁੱਖ ਦਰਬਦਰ ਹੋਏ। ਇਕਦਮ ਵੱਖ - ਵੱਖ ਰਾਜਧਾਨੀ ਹੋ ਗਈ। ਇਹ ਵੀ ਡਰਾਮੇ ਵਿੱਚ ਨੂੰਧਿਆ ਹੈ। ਆਪਸ ਵਿੱਚ ਲੜ੍ਹਦੇ - ਫਰੈਕਸ਼ਨ ਪਾਉਂਦੇ ਹਨ। ਪਹਿਲੇ ਕੋਈ ਹਿੰਦੁਸਤਾਨ, ਪਾਕਿਸਤਾਨ ਵੱਖ ਥੋੜੀ ਹੀ ਸੀ। ਭਾਰਤ ਵਿੱਚ ਹੀ ਖ਼ੂਨ ਦੀਆਂ ਨਦੀਆਂ ਵਗਣੀਆਂ ਹਨ ਤਾਂ ਫਿਰ ਘਿਓ ਦੀਆਂ ਨਦੀ ਵਗਣਗੀਆਂ। ਨਤੀਜਾ ਕੀ ਹੁੰਦਾ ਹੈ? ਥੋੜ੍ਹੇ ਬਚ ਜਾਂਦੇ ਹਨ। ਤੁਸੀਂ ਪਾਂਡਵ ਹੋ ਗੁਪਤ ਵੇਸ਼ ਵਿੱਚ।

ਤਾਂ ਗਵਰਨਰ ਨੂੰ ਪਹਿਲੇ ਪਰਿਚੇ ਦੇਣਾ ਹੈ। ਜਿਸਦੇ ਕੋਲ ਜਾਣਾ ਹੁੰਦਾ ਹੈ, ਉਹਨਾਂ ਦੀ ਪਹਿਲੇ ਮਹਿਮਾ ਕੀਤੀ ਜਾਂਦੀ ਹੈ। ਪਰ ਉਹਨਾਂ ਦੇ ਲਈ ਲਿਖਿਆ ਹੋਇਆ ਹੈ, ਇਹ ਰਾਜ਼ ਤੁਸੀ ਹੀ ਜਾਣੋ। ਉਹ ਥੋੜੀ ਹੀ ਸਮਝਦੇ ਹਨ ਕਿ ਇਹ ਮ੍ਰਿਗਤ੍ਰਿਸ਼ਨਾ ਦੇ ਸਮਾਨ ਰਾਜ ਹੈ।

ਡਰਾਮੇ ਅਨੁਸ਼ਾਰ ਉਹਨਾਂ ਦੇ ਵੀ ਆਪਣੇ ਪਲੈਂਸ ਬਣਦੇ ਹੀ ਹਨ। ਮਹਾਭਾਰਤ ਵਿੱਚ ਵਿਖਾਉਂਦੇ ਹਨ ਪ੍ਰਲਯ ਹੋ ਗਈ। ਹੁਣ ਮਹਾਪ੍ਰਲਜ ਤਾਂ ਹੁੰਦੀ ਨਹੀਂ। ਤੁਸੀਂ ਬੱਚਿਆਂ ਦੇ ਅੰਦਰ ਸ੍ਰਿਸਟੀ ਦੇ ਚੱਕਰ ਦਾ ਗਿਆਨ ਹਰ ਵਕਤ ਗੂੰਜਨਾ ਚਾਹੀਦਾ ਹੈ। ਪਹਿਲੇ ਤਾਂ ਉਹ ਸਮਝੇ ਕਿ ਇਹਨਾਂ ਨੂੰ ਸਿੱਖਿਆ ਦੇਣ ਵਾਲਾ ਕੌਣ ਹੈ। ਤਾਂ ਸਮਝਣ ਬਰੋਬਰ ਅਸੀਂ ਵੀ ਤੇ ਸ਼ਿਵ ਦੇ ਬੱਚੇ ਹਾਂ। ਪ੍ਰਜਾਪਿਤਾ ਬ੍ਰਹਮਾ ਦੇ ਵੀ ਬੱਚੇ ਹਨ। ਇਹ ਸਿਜਰਾ ਹੈ। ਪ੍ਰਜਾਪਿਤਾ ਬ੍ਰਹਮਾ ਹੈ ਗ੍ਰੇਟ ਗ੍ਰੇਟ ਗ੍ਰੇਡ ਫ਼ਾਦਰ। ਮਨੁੱਖ ਸ੍ਰਿਸ਼ਟੀ ਦਾ ਵੱਡਾ ਤਾਂ ਬ੍ਰਹਮਾ ਹੋ ਗਿਆ ਨਾ। ਸ਼ਿਵ ਨੂੰ ਇਵੇਂ ਨਹੀਂ ਕਹਾਂਗੇ, ਉਹਨਾਂ ਨੂੰ ਸਿਰਫ਼ ਫ਼ਾਦਰ ਕਹਾਂਗੇ। ਗ੍ਰੇਟ - ਗ੍ਰੇਟ ਗ੍ਰੈਂਡ ਫਾਦਰ - ਇਹ ਟਾਈਟਲ ਹੋ ਗਿਆ ਬ੍ਰਹਮਾ ਦਾ। ਜਰੂਰ ਗ੍ਰੈਂਡ ਮਦਰ, ਗ੍ਰੈਂਡ ਚਿਲਡਰਨ ਵੀ ਹੋਣਗੇ। ਤੁਸੀਂ ਬੱਚਿਆਂ ਨੂੰ ਇਹ ਸਭ ਸਮਝਾਉਣਾ ਹੈ। ਸ਼ਿਵ ਹੈ ਸਭ ਆਤਮਾਵਾਂ ਦਾ ਬਾਪ। ਬ੍ਰਹਮਾ ਦਵਾਰਾ ਸ਼੍ਰਿਸ਼ਟੀ ਰਚਦੇ ਹਨ। ਤੁਸੀਂ ਜਾਣਦੇ ਹੋ ਸਾਡੀਆਂ ਫਿਰ ਕਿੰਨੀਆਂ ਬਿਰਾਦਰੀਆਂ ਨਿਕਲਦੀਆਂ ਹਨ। ਗਵਰਨਰ ਨੂੰ ਸਮਝਾਉਣਾ ਚਾਹੀਦਾ ਹੈ ਕਿ ਇਵੇਂ ਦੀ ਐਗਜੀਬਿਸ਼ਨ ਤਾਂ ਕੋਨੇ - ਕੋਨੇ ਵਿੱਚ ਕਰਨੀ ਚਾਹੀਦੀ ਹੈ, ਤੁਸੀਂ ਪ੍ਰਬੰਧ ਕਰਵਾਕੇ ਦਵੋ। ਸਾਨੂੰ ਤਾਂ ਦੇਖੋ ਤਿੰਨ ਪੈਰ ਪ੍ਰਿਥਵੀ ਦੇ ਵੀ ਨਹੀਂ ਮਿਲਦੇ ਅਤੇ ਫਿਰ ਅਸੀਂ ਵਿਸ਼ਵ ਦੇ ਮਾਲਿਕ ਬਣ ਜਾਂਦੇ ਹਾਂ। ਤੁਸੀਂ ਪ੍ਰਬੰਧ ਕਰਕੇ ਦਵੋ ਤਾਂ ਅਸੀਂ ਭਾਰਤ ਨੂੰ ਸਵਰਗ ਬਣਾਉਣ ਦੀ ਸੇਵਾ ਕਰੀਏ। ਉਹ ਤੁਹਾਨੂੰ ਥੋੜੀ ਮਦਦ ਦੇਣਗੇ ਤਾਂ ਵੀ ਸਭ ਉਹਨਾਂ ਨੂੰ ਕਹਿਣ ਲੱਗ ਜਾਣਗੇ ਕਿ ਗਵਰਨਰ ਵੀ ਬ੍ਰਹਮਾਕੁਮਾਰ ਬਣਿਆ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕੌਡੀ ਵਰਗਾ ਤਨ -ਮਨ - ਧਨ ਜੋ ਵੀ ਹੈ ਉਸ ਨੂੰ ਬਾਪ ਤੇ ਕੁਰਬਾਨ ਕਰ ਫਿਰ ਟ੍ਰਸਟੀ ਹੋਕੇ ਸੰਭਾਲਣਾ ਹੈ। ਮਮਤਵ ਨਿਕਾਲ ਦੇਣਾ ਹੈ।

2. ਸਵੇਰੇ - ਸਵੇਰੇ ਉੱਠ ਬਾਪ ਨੂੰ ਪਿਆਰ ਨਾਲ ਯਾਦ ਕਰਨਾ ਹੈ। ਗਿਆਨ ਬਲ ਅਤੇ ਬੁੱਧੀਯੋਗ ਬਲ ਨਾਲ ਮਾਇਆ ਤੇ ਵਿਜੇ ਪਾਉਣੀ ਹੈ।

ਵਰਦਾਨ:- ਦ੍ਰਿਸ਼ਟੀ ਦਵਾਰਾ ਸ਼ਕਤੀ ਲੈਣ ਅਤੇ ਸ਼ਕਤੀ ਦੇਣ ਵਾਲੇ ਮਹਾਦਾਨੀ, ਵਰਦਾਨੀ ਮੂਰਤ ਭਵ

ਅੱਗੇ ਚਲਕੇ ਜਦੋਂ ਵਾਨੀ ਦਵਾਰਾ ਸੇਵਾ ਕਰਨ ਦਾ ਸਮੇਂ ਅਤੇ ਸਰਕਮਸਟਾਨਸ਼ ਨਹੀਂ ਹੋਵੇਗਾ ਉਦੋਂ ਵਰਦਾਨੀ, ਮਹਾਦਾਨੀ ਦ੍ਰਿਸ਼ਟੀ ਦਵਾਰਾ ਹੀ ਸ਼ਾਂਤੀ ਦੀ ਸ਼ਕਤੀ, ਪ੍ਰੇਮ, ਸੁਖ ਅਤੇ ਅਨੰਦ ਦੀ ਸ਼ਕਤੀ ਦਾ ਅਨੁਭਵ ਕਰਵਾ ਸਕਣਗੇ। ਜਿਵੇਂ ਜੜ੍ਹ ਮੂਰਤੀਆਂ ਦੇ ਸਾਹਮਣੇ ਜਾਂਦੇ ਹਨ ਤਾਂ ਚੇਹਰੇ ਦਵਾਰਾ ਵਾਇਬ੍ਰੇਸ਼ਨ ਮਿਲਦੇ ਹਨ, ਨੈਣਾ ਤੋਂ ਦਿਵਜਤਾ ਦੀ ਅਨੁਭੂਤੀ ਹੁੰਦੀ ਹੈ। ਤਾਂ ਤੁਸੀਂ ਜਦੋਂ ਚੇਤੰਨ ਵਿਚ ਇਹ ਸੇਵਾ ਕੀਤੀ ਹੈ ਤਾਂ ਜੜ੍ਹ ਮੂਰਤੀਆਂ ਬਣੀਆਂ ਹਨ ਇਸਲਈ ਦ੍ਰਿਸ਼ਟੀ ਦਵਾਰਾ ਸ਼ਕਤੀ ਲੈਣ ਅਤੇ ਦੇਣ ਦਾ ਅਭਿਆਸ ਕਰੋ ਤਾਂ ਮਹਾਦਾਨੀ, ਵਰਦਾਨੀ ਮੂਰਤ ਬਣੋਗੇ।

ਸਲੋਗਨ:- ਫੀਚਰਸ ਵਿੱਚ ਸੁਖ - ਸ਼ਾਂਤੀ ਅਤੇ ਖੁਸ਼ੀ ਦੀ ਝਲਕ ਹੋਵੇ ਤਾਂ ਅਨੇਕ ਆਤਮਾਵਾਂ ਦਾ ਫ਼ਯੂਚਰ ਸ਼੍ਰੇਸ਼ਠ ਬਣਾ ਸਕਦੇ ਹੋ।

******